## ਆਈ ਆਈ ਓ ਬਾਰੇ

ਆਈ ਆਈ ਓ ਨਾਗਰਿਕਾਂ ਦੀ ਅਗਵਾਈ ਵਾਲੀ ਇਕ ਏਜੰਸੀ ਹੈ ਜਿਸ ਦੀ ਸਥਾਪਨਾ ਜਸਟਿਸ ਬਰੇਡਵੁੱਡ ਅਤੇ ਜਸਟਿਸ ਡੇਵੀਜ਼ ਵਲੋਂ ਕੀਤੀਆਂ ਗਈਆਂ ਦੋ ਪਬਲਿਕ ਇਨਕੁਆਰੀਆਂ ਤੋਂ ਹੋਈਆਂ ਸਿਫਾਰਸ਼ਾਂ ਦੇ ਜਵਾਬ ਵਜੋਂ ਕੀਤੀ ਗਈ ਸੀ। ਇਨ੍ਹਾਂ ਇਨਕੁਆਰੀਆਂ ਨੇ ਪੁਲੀਸ ਦੀ ਆਜ਼ਾਦ ਨਿਗਰਾਨੀ ਰੱਖਣ ਦੀ ਲੋੜ ਨੂੰ ਉਜਾਗਰ ਕੀਤਾ ਸੀ, ਅਤੇ ਮਗਰੋਂ 2012 ਵਿਚ ਆਈ ਆਈ ਓ ਬਣਾਇਆ ਗਿਆ ਸੀ।

ਆਈ ਆਈ ਓ, ਅਟਾਰਨੀ ਜਨਰਲ ਦੀ ਮਨਿਸਟਰੀ ਹੇਠ ਸਥਾਪਤ ਕੀਤਾ ਗਿਆ ਸੀ ਅਤੇ ਇਸ ਦੀ ਅਗਵਾਈ **ਚੀਫ ਸਿਵਲੀਅਨ ਡਾਇਰੈਕਟਰ (ਸੀ ਸੀ ਡੀ)** ਕਰਦਾ ਹੈ ਜੋ ਕਿ ਕਦੇ ਵੀ ਪੁਲੀਸ ਅਫਸਰ ਨਹੀਂ ਰਿਹਾ ਹੁੰਦਾ। ਭਾਵੇਂ ਕਿ ਆਈ ਆਈ ਓ ਅਟਾਰਨੀ ਜਨਰਲ ਦੀ ਮਨਿਸਟਰੀ ਦਾ ਹਿੱਸਾ ਹੈ, ਪੜਤਾਲ ਕਰਨ ਦੇ ਸਾਰੇ ਫੈਸਲੇ ਅਤੇ ਪਬਲਿਕ ਲਈ ਰਿਪੋਰਟ ਜਾਰੀ ਕਰਨ ਅਤੇ ਮਾਮਲੇ ਨੂੰ ਕਰਾਊਨ ਕੌਂਸਲ (ਸਰਕਾਰੀ ਵਕੀਲ) ਕੋਲ ਭੇਜਣ ਦਾ ਫੈਸਲਾ ਪੂਰੀ ਤਰ੍ਹਾਂ ਮਨਿਸਟਰੀ ਤੋਂ ਆਜ਼ਾਦ ਹੁੰਦਾ ਹੈ। ਸੀ ਸੀ ਡੀ, ਆਰਡਰ ਇਨ ਕੌਂਸਲ ਨਾਲ ਵੱਧ ਤੋਂ ਵੱਧ ਪੰਜ ਸਾਲ ਦੀਆਂ ਦੋ ਮਿਆਦਾਂ ਲਈ ਨਿਯੁਕਤ ਕੀਤੇ ਜਾਣ ਦੇ ਯੋਗ ਹੈ।

iiobc.ca

## ਇੰਡੀਪੈਨਡੈਂਟ ਇਨਵੈਸਟੀਗੇਸ਼ਨਜ਼ ਆਫਿਸ ਔਫ ਬੀ ਸੀ

12th floor – 13450 102 Avenue
Surrey, BC V3T 5X3

ਸਾਡਾ ਦਫਤਰ ਕੋਸਟ ਸਾਲੀਸ਼ Coast Salish, sq̓əc̓iy̓aʔɬ təməxʷ (Katzie), sc̓əwaθenaʔɬ təməxʷ (Tsawwassen), S’ólh Téméxw (Stó:lō), Á,LEṈENEȻ ȽTE (W̱SÁNEĆ), Kwantlen, ਅਤੇ Stz’uminus ਨੇਸ਼ਨਾਂ ਦੇ ਰਵਾਇਤੀ ਅਤੇ ਜੱਦੀ ਇਲਾਕੇ ਉੱਪਰ ਸਥਿਤ ਹੈ।

ਫੋਨ: 604 586 5668
ਟੋਲ ਫ੍ਰੀ: 1 855 553 4622

### ਆਈ ਆਈ ਓ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਵੈੱਬਸਾਈਟ: https://iiobc.ca/
ਟਵਿੱਟਰ: @iiobc
ਫੇਸਬੁੱਕ: Independent Investigations Office

## ਲਿੰਕ

ਪੁਲੀਸ ਕਮਪਲੇਂਟ ਕਮਿਸ਼ਨਰ ਦਾ ਦਫਤਰ
https://opcc.bc.ca/

ਆਰ ਸੀ ਐੱਮ ਪੀ ਲਈ ਸਿਵਲੀਅਨ ਰਿਵੀਊ ਐਂਡ ਕਮਪਲੇਂਟਸ ਕਮਿਸ਼ਨ
https://www.crcc-ccetp.gc.ca/

[Punjabi]

# ਇੰਡੀਪੈਨਡੈਂਟ ਇਨਵੈਸਟੀਗੇਸ਼ਨਜ਼ ਆਫਿਸ ਬਾਰੇ ਜਾਣਕਾਰੀ

**ਇੰਡੀਪੈਨਡੈਂਟ ਇਨਵੈਸਟੀਗੇਸ਼ਨਜ਼ ਆਫਿਸ ਔਫ ਬ੍ਰਿਟਿਸ਼ ਕੋਲੰਬੀਆ (ਆਈ ਆਈ ਓ)** ਇਹ ਫੈਸਲਾ ਕਰਨ ਲਈ ਪੁਲੀਸ ਨਾਲ ਸੰਬੰਧਿਤ ਮੌਤ ਜਾਂ ਗੰਭੀਰ ਨੁਕਸਾਨ ਦੀਆਂ ਘਟਨਾਵਾਂ ਦੀਆਂ ਪੜਤਾਲਾਂ ਕਰਦਾ ਹੈ ਕਿ ਕੀ ਕਿਸੇ ਅਫਸਰ ਨੇ ਕੋਈ ਜੁਰਮ ਕੀਤਾ ਹੋ ਸਕਦਾ ਹੈ। ਬੀ ਸੀ ਵਿਚਲੇ ਸਾਰੇ ਪੁਲੀਸ ਅਫਸਰ, ਭਾਵੇਂ ਉਹ ਡਿਊਟੀ 'ਤੇ ਹੋਣ ਜਾਂ ਨਾ ਹੋਣ, ਆਈ ਆਈ ਓ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ।

ਆਈ ਆਈ ਓ ਵਲੋਂ ਪੜਤਾਲ ਕਰਨ ਲਈ ਜੁਰਮ ਦਾ ਇਲਜ਼ਾਮ ਲੱਗਣਾ ਜ਼ਰੂਰੀ ਨਹੀਂ ਹੈ।

INDEPENDENT
Investigations Office of BC

## ਆਈ ਆਈ ਓ ਪੁਲੀਸ ਵਿਚ ਲੋਕਾਂ ਦਾ ਭਰੋਸਾ ਕਿਵੇਂ ਵਧਾਉਂਦਾ ਹੈ?

ਆਈ ਆਈ ਓ ਸਾਰੇ ਸਬੂਤ ਇਕੱਠੇ ਕਰਦਾ ਹੈ ਅਤੇ ਉਸ ਜਾਣਕਾਰੀ ਦੇ ਨਿਰਪੱਖ ਵਿਸ਼ਲੇਸ਼ਣ ਦੇ ਆਧਾਰ ’ਤੇ ਇਹ ਫੈਸਲਾ ਕਰੇਗਾ ਕਿ ਕੀ ਕਿਸੇ ਮਾਮਲੇ ਨੂੰ ਚਾਰਜ ਲਗਾਏ ਜਾਣ ਵਾਸਤੇ ਵਿਚਾਰ ਕੀਤੇ ਜਾਣ ਲਈ **ਕਰਾਊਨ ਕੌਂਸਲ** ਕੋਲ ਭੇਜਣਾ ਚਾਹੀਦਾ ਹੈ ਜਾਂ ਨਹੀਂ।

ਆਈ ਆਈ ਓ ਹਾਲਤਾਂ ਹੇਠ ਜਿੰਨਾ ਵੀ ਹੋ ਸਕਦਾ ਹੋਵੇ ਪਾਰਦਰਸ਼ੀ ਰਹਿਣ ਲਈ ਵਚਨਬੱਧ ਹੈ ਅਤੇ ਨਾਲ ਨਾਲ ਪੜਤਾਲ ਦੀ ਨੇਕਨੀਤੀ ਅਤੇ ਸੰਬੰਧਿਤ ਲੋਕਾਂ ਦੀ ਪ੍ਰਾਈਵੇਸੀ ਦੇ ਹਿੱਤਾਂ ਦਾ ਆਦਰ ਕਰਦਾ ਹੈ। ਮਹੱਤਵਪੂਰਨ ਤਰੀਕੇ ਨਾਲ, ਜਿੱਥੇ ਜਨਤਕ ਹਿੱਤ ਦਾ ਕੋਈ ਮਾਮਲਾ ਚਾਰਜ ਲਗਾਏ ਜਾਣ ਲਈ ਕਰਾਊਨ ਕੌਂਸਲ ਨੂੰ ਵਿਚਾਰ ਕਰਨ ਲਈ ਨਹੀਂ ਭੇਜਿਆ ਜਾਂਦਾ, ਉੱਥੇ ਸੀ ਸੀ ਡੀ ਅਕਸਰ ਪਬਲਿਕ ਲਈ ਰਿਪੋਰਟ ਜਾਂ ਮੀਡੀਆ ਰਿਲੀਜ਼ ਜਾਰੀ ਕਰੇਗਾ ਜਿਸ ਵਿਚ ਸਾਰੇ ਸੰਬੰਧਿਤ ਤੱਥ ਦਿੱਤੇ ਗਏ ਹੋਣਗੇ ਅਤੇ ਮਾਮਲੇ ਨੂੰ ਰੈਫਰ ਨਾ ਕਰਨ ਦੇ ਫੈਸਲੇ ਦੇ ਕਾਰਨ ਦੱਸੇ ਗਏ ਹੋਣਗੇ। ਇਸ ਨਾਲ ਪਬਲਿਕ ਨੂੰ ਫੈਸਲੇ ਦੇ ਆਧਾਰ ਦੀ ਸਮਝ ਆਉਂਦੀ ਹੈ।

## ਜੇ ਤੁਸੀਂ ਆਈ ਆਈ ਓ ਦੀ ਪੜਤਾਲ ਵਿਚ ਸ਼ਾਮਲ ਹੋਵੋ ਤਾਂ ਤੁਸੀਂ ਕੀ ਉਮੀਦ ਰੱਖ ਸਕਦੇ ਹੋ?

ਆਈ ਆਈ ਓ ਦਾ ਦਫਤਰ ਸਰੀ ਵਿਚ ਸਥਿਤ ਹੈ ਅਤੇ ਇਨਵੈਸਟੀਗੇਟਰ (ਪੜਤਾਲੀਏ) ਲੋੜ ਮੁਤਾਬਕ ਪੜਤਾਲਾਂ ਕਰਨ ਲਈ ਬੀ ਸੀ ਦੀ ਕਿਸੇ ਵੀ ਥਾਂ ’ਤੇ ਜਾਣਗੇ। ਪੜਤਾਲ ਦੇ ਆਮ ਕੰਮਾਂ ਵਿਚ, ਘਟਨਾ ਸਥਾਨ ਦਾ ਵਿਸ਼ਲੇਸ਼ਣ, ਪੁਲੀਸ ਅਤੇ ਗਵਾਹਾਂ ਨਾਲ ਇੰਟਰਵਿਊਆਂ, ਵੀਡਿਓ ਅਤੇ ਗਵਾਹਾਂ ਦੀ ਪੜਤਾਲ, ਮੈਡੀਕਲ ਜਾਣਕਾਰੀ ਦੀ ਪੜਚੋਲ, ਪਾਥੋਲੋਜੀ ਅਤੇ ਟੌਕਸੀਕੋਲੋਜੀ ਦੀਆਂ ਰਿਪੋਰਟਾਂ, ਅਤੇ ਹੋਰ ਚੀਜ਼ਾਂ ਸ਼ਾਮਲ ਹਨ।

ਆਈ ਆਈ ਓ ਉਸ ਵਿਅਕਤੀ ਵੱਲ ਧਿਆਨ ਦਿੰਦਾ ਹੈ ਜਿਸ ਨੂੰ ਪ੍ਰਭਾਵਿਤ ਵਿਅਕਤੀ ਵਜੋਂ ਗੰਭੀਰ ਤੌਰ ’ਤੇ ਨੁਕਸਾਨ ਹੋਇਆ ਹੈ ਜਾਂ ਜਿਸ ਦੀ ਮੌਤ ਹੋਈ ਹੈ। ਪ੍ਰਭਾਵਿਤ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਈ ਆਈ ਓ ਦੇ **ਅਫੈੱਕਟਿਡ ਪਰਸਨਜ਼ ਲੀਏਜ਼ਾਨਜ਼ (ਏ ਪੀ ਐੱਲ)** ਤੋਂ ਮਦਦ ਮਿਲਦੀ ਹੈ ਜੋ ਕਿ ਪੜਤਾਲ ਹੋਣ ਦੌਰਾਨ ਉਨ੍ਹਾਂ ਦਾ ਆਈ ਆਈ ਓ ਵਿਖੇ ਮੁਢਲਾ ਸੰਪਰਕ ਹੁੰਦਾ ਹੈ। ਜੇ ਤੁਸੀਂ ਕਿਸੇ ਘਟਨਾ ਦੇ ਗਵਾਹ ਹੋਵੋ ਅਤੇ ਜੇ ਤੁਹਾਡੇ ਉੱਪਰ ਘਟਨਾ ਦਾ ਜਜ਼ਬਾਤੀ ਤੌਰ ’ਤੇ ਅਸਰ ਪਿਆ ਹੋਵੇ ਤਾਂ ਏ ਪੀ ਐੱਲ ਮਦਦ ਕਰਨ ਵਾਲੀਆਂ ਸੇਵਾਵਾਂ ਕੋਲ ਭੇਜ ਕੇ ਤੁਹਾਡੀ ਸਹਾਇਤਾ ਕਰ ਸਕਦੇ ਹਨ।

## ਆਈ ਆਈ ਓ ਦੇ ਇਨਵੈਸਟੀਗੇਟਰਾਂ ਕੋਲ ਕਿਸ ਕਿਸਮ ਦਾ ਤਜਰਬਾ ਹੁੰਦਾ ਹੈ?

ਆਈ ਆਈ ਓ ਦੀਆਂ ਪੜਤਾਲੀਆ ਟੀਮਾਂ ਉਨ੍ਹਾਂ ਇਨਵੈਸਟੀਗੇਟਰਾਂ ਨਾਲ ਬਣੀਆਂ ਹੁੰਦੀਆਂ ਹਨ ਜਿਨ੍ਹਾਂ ਕੋਲ ਬਹੁਤ ਸਾਰੇ ਵੱਖ ਵੱਖ ਖੇਤਰਾਂ ਵਿਚ ਪੜਤਾਲ ਕਰਨ ਦੇ ਤਜਰਬੇ ਦੀ ਬਹੁਤਾਤ ਹੁੰਦੀ ਹੈ, ਜਿਵੇਂ ਕਿ ਫਰਾਡ ਦੀਆਂ ਪੜਤਾਲਾਂ, ਕਾਨੂੰਨ, ਪੁਲੀਸ, ਮੌਤਾਂ ਦੀਆਂ ਪੜਤਾਲਾਂ ਅਤੇ ਹੋਰ। ਇਸ ਦੇ ਇਲਾਵਾ, ਆਈ ਆਈ ਓ ਕੋਲ ਫੋਰੈਂਜ਼ਿਕ ਇਨਵੈਸਟੀਗੇਟਰਾਂ ਦੀ ਟੀਮ ਵੀ ਹੈ ਜੋ ਕਈ ਖੇਤਰਾਂ ਵਿਚ ਮੁਹਾਰਤ ਰੱਖਦੇ ਹਨ ਜਿਸ ਵਿਚ ਵੀਡਿਓ ਦਾ ਵਿਸ਼ਲੇਸ਼ਣ ਅਤੇ ਟੱਕਰ ਦੇ ਸੀਨ ਨੂੰ ਦੁਬਾਰਾ ਉਸਾਰਨਾ ਵੀ ਸ਼ਾਮਲ ਹਨ।

## ਪੜਤਾਲ ਨੂੰ ਕਿੰਨਾ ਸਮਾਂ ਲੱਗਦਾ ਹੈ?

ਸਾਰੀਆਂ ਪੜਤਾਲਾਂ ਜਿੰਨਾ ਵੀ ਸੰਭਵ ਹੋਵੇ ਸਮੇਂ ਸਿਰ ਕੀਤੀਆਂ ਜਾਂਦੀਆਂ ਹਨ, ਅਤੇ ਇਸ ਦੇ ਨਾਲ ਨਾਲ ਇਹ ਵੀ ਯਕੀਨੀ ਬਣਾਇਆ ਜਾਂਦਾ ਹੈ ਕਿ ਉਹ ਲੋੜ ਮੁਤਾਬਕ ਪੂਰੀਆਂ ਮੁਕੰਮਲ ਵੀ ਹੋਣ। ਪੜਤਾਲਾਂ ਕੁਝ ਹਫਤਿਆਂ ਤੋਂ ਲੈ ਕੇ ਕਈ ਮਹੀਨਿਆਂ ਤੱਕ ਹੋ ਸਕਦੀਆਂ ਹਨ ਜੋ ਕਿ ਮਾਮਲੇ ਦੀ ਗੁੰਝਲਤਾ ਉੱਪਰ ਨਿਰਭਰ ਕਰਦਾ ਹੈ।

## ਆਈ ਆਈ ਓ, ਪੁਲੀਸ ਕਮਪਲੇਂਟ ਕਮਿਸ਼ਨਰ ਦੇ ਦਫਤਰ (ਓ ਪੀ ਸੀ ਸੀ), ਅਤੇ ਆਰ ਸੀ ਐੱਮ ਪੀ ਲਈ ਸਿਵਲੀਅਨ ਰਿਵੀਊ ਐਂਡ ਕਮਪਲੇਂਟਸ ਕਮਿਸ਼ਨ (ਸੀ ਆਰ ਸੀ ਸੀ) ਵਿਚਕਾਰ ਕੀ ਫਰਕ ਹੈ?

ਆਈ ਆਈ ਓ ਨੂੰ ਆਦੇਸ਼ ਪੁਲੀਸ ਦੀ ਸ਼ਮੂਲੀਅਤ ਵਾਲੀ ਕਿਸੇ ਵੀ ਉਸ ਘਟਨਾ ਦੀ ਪੜਤਾਲ ਕਰਨ ਦਾ ਹੈ ਜਿਸ ਦਾ ਨਤੀਜਾ ਗੰਭੀਰ ਨੁਕਸਾਨ ਜਾਂ ਮੌਤ ਵਿਚ ਨਿਕਲਿਆ ਹੈ। ਇਸ ਦੇ ਇਲਾਵਾ, ਆਈ ਆਈ ਓ ਦੀਆਂ ਪੜਤਾਲਾਂ ਕਰਿਮੀਨਲ ਲਾਅ ਦੇ ਮਿਆਰ ਮੁਤਾਬਕ ਕੀਤੀਆਂ ਜਾਂਦੀਆਂ ਹਨ। ਮਿਊਨਿਸਪਲ ਪੁਲੀਸ ਅਫਸਰਾਂ ਖਿਲਾਫ ਸ਼ਿਕਾਇਤਾਂ ਦੀਆਂ ਪੜਤਾਲਾਂ ਅਤੇ ਰਿਵੀਊ, ਜਿਵੇਂ ਕਿ ਗਲਤ ਵਰਤਾਉ, **ਓ ਪੀ ਸੀ ਸੀ** ਦੀ ਜ਼ਿੰਮੇਵਾਰੀ ਹਨ। ਇਸੇ ਤਰ੍ਹਾਂ ਆਰ ਸੀ ਐੱਮ ਪੀ ਦੇ ਮੈਂਬਰਾਂ ਖਿਲਾਫ ਕੀਤੀਆਂ ਗਈਆਂ ਸ਼ਿਕਾਇਤਾਂ ਦਾ ਰਿਵੀਊ **ਸੀ ਆਰ ਸੀ ਸੀ** ਵਲੋਂ ਕੀਤਾ ਜਾਂਦਾ ਹੈ।

## ਗੰਭੀਰ ਨੁਕਸਾਨ ਕੀ ਹੈ?

*ਪੁਲੀਸ ਐਕਟ* ਮੁਤਾਬਕ ਗੰਭੀਰ ਨੁਕਸਾਨ ਉਹ ਸੱਟ ਹੈ ਜਿਸ ਦਾ ਨਤੀਜਾ ਮੌਤ ਹੋਣ ਵਿਚ, ਗੰਭੀਰ ਕਰੂਪਤਾ ਵਿਚ ਨਿਕਲਿਆ ਹੋ ਸਕਦਾ ਹੈ ਅਤੇ/ਜਾਂ ਸਮੁੱਚੇ ਤੌਰ ’ਤੇ ਸਰੀਰ ਦੀ ਹਿਲਜੁੱਲ ਦੇ ਬਹੁਤ ਜ਼ਿਆਦਾ ਨੁਕਸਾਨ ਜਾਂ ਵਿਗਾੜ ਜਾਂ ਲੱਤ ਜਾਂ ਬਾਂਹ ਜਾਂ ਕਿਸੇ ਅੰਗ ਦੇ ਕਾਰਜ ਦੇ ਨੁਕਸਾਨ ਵਿਚ ਨਿਕਲਿਆ ਹੋ ਸਕਦਾ ਹੈ।